This question paper contains 4 printed pages]

*Your Roll No.*...............

**4570**

**B.A. (PROGRAMME)/I** **C**

PUNJABI DISCIPLINE—Paper I

**(Compulsory)**

(Essay, Novel and Functional Punjabi etc.)

(Admissions of 2004/2006 and after in respect of the students of regular colleges/NCWEB)

*Time : 3 Hours* *Maximum Marks : 75*

*Note* :— The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

*(Write your Roll No. on the top immediately on receipt of this question paper.)*

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. 'ਪਵਿੱਤਰ-ਪਾਪੀ' ਨਾਵਲ ਦਾ ਆਲੋਚਨਾਤਮਕ ਅਧਿਐਨ ਕਰੋ ।

ਜਾਂ

'ਪਵਿੱਤਰ-ਪਾਪੀ' ਨਾਵਲ ਦੇ ਹੇਠ ਲਿਖਿਆਂ 'ਚੋਂ ਕੋਈ ਦੋ ਪਾਤਰਾਂ ਦਾ ਪਾਤਰ-ਚਿਤਰਣ ਕਰੋ :

ਕਿਦਾਰ, ਵੀਣਾ, ਅਤਰ ਸਿੰਘ । 15

P.T.O.

2. ਹੇਠਾਂ ਦਿੱਤੇ ਨਿਬੰਧਾਂ ਵਿਚੋਂ ਕਿਸੇ ਇਕ ਨਿਬੰਧ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ :

(*i*) ਸਿਖਿਆ ਤੇ ਸਮਾਜ

(*ii*) ਲੋਕਧਾਰਾ ਤੇ ਸਾਹਿਤ

(*iii*) ਮਨੋਵਿਸ਼ਲੇਸ਼ਣ । 15

3. ਹੇਠ ਲਿੱਖੇ ਵਿਸ਼ਿਆਂ ਵਿਚੋਂ ਕਿਸੇ ਇਕ ਉਪਰ ਪੈਰ੍ਹਾ ਲਿਖੋ :

(*i*) ਸਮੇਂ ਦਾ ਮਹੱਤਵ

(*ii*) ਮਾਤ-ਭਾਸ਼ਾ ਦੀ ਮਹਤੱਤਾ

(*iii*) ਭ੍ਰਿਸ਼ਟਾਚਾਰ । 10

4. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਹੇਠਾਂ ਲਿੱਖੇ ਪ੍ਰਸ਼ਨਾਂ ਦੇ ਉੱਤਰ ਦਿਉ :

"ਸਾਡੇ ਜੀਵਨ ਦਾ ਇਕ 'ਪ੍ਰਤੱਖ' ਅਤੇ ਬੜਾ ਮਹਾਨ ਅੰਗ ਉਪਜੀਵਕਾ ਕਮਾਉਣਾ ਹੈ । ਇਸ ਦ੍ਰਿਸ਼ਟੀਕੋਣ ਤੋਂ ਵੇਖਿਆ ਪਤਾ ਲਗਦਾ ਹੈ ਕਿ ਜਿਸ ਮਨੁੱਖ ਜਾਂ ਇਸਤਰੀ ਨੇ ਆਪਣੀ ਅਵੱਸਥਾ ਵਿਚ ਆਪਣੇ ਆਪ ਨੂੰ ਉਪਜੀਵਕਾ ਕਮਾਉਣ ਦੇ ਯੋਗ ਬਣਾਉਣ ਲਈ ਘਾਲ ਨਹੀਂ ਘਾਲੀ ਉਹ ਇਸ ਖੇਤਰ ਵਿਚ ਪਿੱਛੇ ਰਹਿ ਜਾਂਦਾ ਹੈ । ਜਿਹੜੇ ਕਿਸੇ ਵਿਚਾਰ ਜਾਂ ਕਾਰਜ ਉੱਤੇ ਲੱਗ ਕੇ ਵੀ ਮਿਹਨਤ ਕਰਨ ਵਲੋਂ ਅਵੇਸਲੇ ਹੋ ਜਾਣ, ਉਹਨਾਂ ਦਾ ਇਸ ਸੰਸਾਰ ਵਿਚ ਝੱਟ

ਨਹੀਂ ਟੱਪਦਾ। ਨਿਰੀ ਉਪਜੀਵਕਾ ਕਮਾਉਣ ਵਾਸਤੇ ਹੀ ਜਿਊਣਾ ਬਹੁਤਾ ਉੱਚਾ ਆਦਰਸ਼ ਨਹੀਂ। ਮਿਹਨਤ ਦਾ ਮਨੁੱਖੀ ਸੁਭਾਅ ਉੱਤੇ ਅਦੁੱਤੀ ਪ੍ਰਭਾਵ ਪੈਂਦਾ ਹੈ।"

**ਪ੍ਰਸ਼ਨ :**

(ੳ) ਜਿਹੜੇ ਜ਼ਿੰਦਗੀ ਦੇ ਮੁੱਢ ਵਿਚ ਮਿਹਨਤ ਨਹੀਂ ਕਰਦੇ, ਉਹ ਪਿਛੋਂ ਰੋਟੀ ਕਮਾਉਣ ਵਿੱਚ ਕਿੰਨੇ 'ਕੁ' ਸਫਲ ਹੁੰਦੇ ਹਨ ?

(ਅ) ਨੌਕਰੀ ਜਾਂ ਕੰਮ ਵਿੱਚ ਲਾਪਰਵਾਹੀ ਕਰਨ ਦਾ ਸਿੱਟਾ ਕੀ ਹੁੰਦਾ ਹੈ ?

(ੲ) ਕੀ ਕੇਵਲ ਰੋਜ਼ੀ ਕਮਾਉਣ ਲਈ ਜੀਵਨ ਬਤੀਤ ਕਰਨਾ ਚੰਗੀ ਗੱਲ ਹੈ ?

(ਸ) ਕਠਿਨ ਸ਼ਬਦਾਂ ਦੇ ਅਰਥ ਲਿਖੋ :

ਪ੍ਰਤੱਖ, ਉਪਜੀਵਕਾ, ਅਵੇਸਲਾ, ਅਵਸਥਾ, ਦ੍ਰਿਸ਼ਟੀਕੋਣ। 10

5. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦਾ ਉੱਤਰ ਲਿਖੋ :

(ੳ) ਪੜਨਾਂਵ ਕਿਸਨੂੰ ਕਹਿੰਦੇ ਹਨ ? ਕਿਸੇ ਦੋ ਦੇ ਗੁਣ-ਲੱਛਣ ਦੱਸੋ।

(ਅ) ਸ਼ਬਦ ਕਿਸਨੂੰ ਕਹਿੰਦੇ ਹਨ ? ਇਹ ਕਿੰਨੀ ਪ੍ਰਕਾਰ ਦੇ ਹੁੰਦੇ ਹਨ ? ਮੂਲ-ਸ਼ਬਦਾਂ ਤੋਂ ਕੋਈ ਪੰਜ ਰਚਿਤ ਸ਼ਬਦ ਬਣਾਉ।

(ੲ) ਭਾਸ਼ਾ ਤੇ ਉਪਭਾਸ਼ਾ ਵਿਚ ਅੰਤਰ ਸਪੱਸ਼ਟ ਕਰੋ ? 10

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਘੱਟ ਤੋਂ ਘੱਟ 50 ਸ਼ਬਦਾਂ ਵਿਚ ਲਿਖੋ :

(ੳ) ਵੈਦਿਕ ਅਤੇ ਅਵੈਦਿਕ ਵਿਚਾਰਧਾਰਾ ਤੋਂ ਕੀ ਭਾਵ ਹੈ ?

(ਅ) 'ਸਿੱਖਿਆ ਅਤੇ ਸਮਾਜ' ਦਾ ਆਪਸ ਵਿਚ ਕੀ ਸੰਬੰਧ ਹੈ ?

(ੲ) ਪੱਤਰਕਾਰੀ ਦਾ ਆਰੰਭ ਕਿਵੇਂ ਹੋਇਆ ?

(ਸ) ਕਿਦਾਰ ਨੂੰ ਪਵਿਤਰ-ਪਾਪੀ ਕਿਉਂ ਕਿਹਾ ਗਿਆ ਹੈ ?

(ਹ) ਪੰਨਾ ਲਾਲ ਕਿਹੋ ਜਿਹਾ ਪਾਤਰ ਹੈ ? $3\times5=15$